The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644




21 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

## ਨਿਊਜ਼ੀਲੈਂਡ ਸਰਕਾਰ ਵੱਲੋਂ ਆਪਣੇ ਨਾਗਰਿਕਾ ਨੂੰ ਭਾਰਤ ਦੀ ਯਾਤਰਾ ਤੋਂ ਗੁਰੇਜ ਕਰਨ ਦੀ ਸਲਾਹ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਿਟੀਜਨਸ਼ਿਪ ਅਮੈਂਡਮੈਂਟ ਐਕਟ ਨੂੰ ਲੈ ਕੇ ਭਾਰਤ ਦੇ ਕਈਂ ਸ਼ਹਿਰਾਂ ਵਿੱਚ ਕਈਂ ਦਿਨਾਂ ਤੋਂ ਹਿੰਸਕ ਵਾਰਦਾਤਾਂ ਹੋ ਰਹੀਆਂ ਹਨ । ਜਿਸ ਦੇ ਚੱਲਦਿਆਂ ਨਿਊਜੀਲੈਂਡ ਸਰਕਾਰ ਨੇ ਭਾਰਤ ਦੀ ਯਾਤਰਾ ਕਰਨ ਵਾਲੇ ਪੱਕੇ ਨਾਗਰਿਕਾਂ ਅਤੇ ਰਿਹਾਇਸ਼ੀਆਂ ਲਈ ਟਰੈਵਲ ਰਜਿਸਟ੍ਰੇਸ਼ਨ ਕਰਨ ਦੇ ਬਾਰੇ ਕਿਹਾ ਹੈ। ਸਰਕਾਰ ਨਹੀਂ ਚਾਹੁੰਦੀ ਕਿ ਉਨ੍ਹਾਂ ਦੇ ਕਿਸੇ ਨਾਗਰਿਕ ਨੂੰ ਭਾਰਤ ਵਿੱਚ ਕੋਈ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ। ਸਰਕਾਰ ਨੇ https://register.safetravel.govt.nz/login ਵੈਬਸਾਈਟ 'ਤੇ ਜਾ ਕੇ ਆਪਣੀ ਰਜਿਸਟਰੇਸ਼ਨ ਕਰਵਾਉਣ ਬਾਰੇ ਕਿਹਾ ਹੈ।

## ਵ੍ਹਾਈਟ ਆਈਲੈਂਡ: ਪੁਲਿਸ ਨੇ ਲੋਕਾਂ ਨੂੰ ਸਮੁੰਦਰ ਕਿਨਾਰੇ ਕਿਸੇ ਵੀ ਸ਼ੱਕੀ ਚੀਜ ਦੀ ਜਾਣਕਾਰੀ ਦੇਣ ਦੀ ਅਪੀਲ ਕੀਤੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) Whakaari/ ਵ੍ਹਾਈਟ ਆਈਲੈਂਡ ਫਟਣ ਤੋਂ ਬਾਅਦ ਲਾਪਤਾ ਹੋਏ ਦੋ ਲੋਕਾਂ ਦੀ ਭਾਲ ਲਈ ਪੁਲਿਸ ਲੋਕਾਂ ਨੂੰ ਪੁੱਛ ਰਹੀ ਹੈ। ਵ੍ਹਾਈਟ ਆਈਲੈਂਡ ਫਟਣ ਕਾਰਨ 16 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਗਈ ਸੀ, ਅਤੇ ਦੋ ਹੋਰ ਵਿਅਕਤੀ ਅਜੇ ਵੀ ਲਾਪਤਾ ਹਨ। ਪੁਲਿਸ ਲਾਸ਼ਾਂ ਦੀ ਭਾਲ ਕਰ ਰਹੀ ਹੈ, ਜਿਨ੍ਹਾਂ ਨੂੰ ਮੰਨਿਆ ਜਾਂਦਾ ਹੈ ਕਿ ਉਹ ਸਮੁੰਦਰ ਵਿੱਚ ਵਹਿ ਗਏ ਹਨ। ਸੁਪਰਡੈਂਟ ਐਂਡੀ ਮੈਕਗ੍ਰੇਗਰ ਦਾ ਕਹਿਣਾ ਹੈ ਕਿ ਪੁਲਿਸ-ਗੋਤਾਖੋਰਾਂ ਨੂੰ ਸੌਂਪੀਆਂ ਸਾਰੀਆਂ ਖੋਜਾਂ ਪੂਰੀਆਂ ਕਰਨ ਤੋਂ ਬਾਅਦ ਉਨ੍ਹਾਂ ਦੇ ਹੱਥ ਕੁੱਝ ਵੀ ਲੱਗਾ। ਉਨਹਾਂ ਕਿਹਾ ਕਿ ਉਹ ਬਹੁਤ ਨਿਰਾਸ਼ ਹਨ ਅਤੇ ਥੋੜਾ ਪਰੇਸ਼ਾਨ ਵੀ ਕਿਉਂਕਿ ਉਹ ਮ੍ਰਿਤਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਸੌਂਪ ਸਕੇ। ਮੈਕਗ੍ਰੇਗਰ ਨੇ ਛੁੱਟੀਆਂ ਮਨਾਉਣ ਵਾਲਿਆਂ ਨੂੰ ਨਜ਼ਦੀਕੀ ਨਿਗਰਾਨੀ ਰੱਖਣ ਲਈ ਕਿਹਾ, ਭਾਵੇਂ ਉਹ ਕਿਨਾਰੇ ਤੇ ਹੋਣ, ਕਿਸ਼ਤੀ ਵਿਚ ਜਾਂ ਹਵਾ ਵਿਚ। ਉਨ੍ਹਾਂ ਕਿਹਾ ਅਸੀਂ ਜਨਤਾ ਨੂੰ ਕਹਿੰਦੇ ਹਾਂ ਜੇ ਉਹ ਕਿਸੇ ਅਜਿਹੀ ਚੀਜ ਦੇ ਸਾਹਮਣਾ ਕਰਨ ਜੋ ਉਨ ? ਲਈ ਸ਼ੱਕੀ ਹੋਵੇ ਜਾਂ ਸਮੁੰਦਰ ਵਿੱਚ ਵਹਿ ਕੇ ਆਈ ਹੋਵੇ ਤਾਂ ਉਹ ਤੁਰੰਤ 111 'ਤੇ ਕਾਲ ਕਰਨ। ਮੈਕਗ੍ਰੇਗਰ ਦਾ ਕਹਿਣਾ ਹੈ ਕਿ ਅਜੇ ਇਸ ਬਾਰੇ ਕੋਈ ਫੈਸਲਾ ਨਹੀਂ ਹੋਇਆ ਕਿ ਅਧਿਕਾਰਤ ਖੋਜ ਕਦੋਂ ਬੰਦ ਹੋਵੇਗੀ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਦੌਰਾਨ Whakaari / ਵ੍ਹਾਈਟ ਆਈਲੈਂਡ 'ਤੇ, ਬਹੁਤ ਗਰਮ ਗੈਸ ਅਤੇ ਭਾਫ਼ ਕਇਂ ਸਥਾਨਾਂ ਤੋਂ ਡਿੱਗਦੀ ਹੈ। ਜੀ ਐਨ ਐਸ ਸਾਇੰਸ ਨੇ ਕਿਹਾ ਕਿ ਜੁਆਲਾਮੁਖੀ ਦੇ ਝਟਕੇ ਹੇਠਲੇ ਪੱਧਰ 'ਤੇ ਜਾਰੀ ਹਨ, ਪਰ ਆਉਣ ਵਾਲੇ ਦਿਨਾਂ ਵਿਚ ਹੋਰ ਫਟਣ ਦੀ ਸੰਭਾਵਨਾ ਨਹੀਂ ਹੈ। ਸਲਫਰ ਡਾਈਆਕਸਾਈਡ ਦਾ ਪੱਧਰ ਅਜੇ ਵੀ ਉੱਚਾ ਸੀ, ਪਰ ਪਹਿਲਾਂ ਨਾਲੋਂ ਥੋੜਾ ਘਟ ਰਿਹਾ ਹੈ।

## ਅਮਰੀਕਾ 'ਚ ਇੱਕ ਹੋਰ ਸਿੱਖ ਨਸਲੀ ਹਮਲੇ ਦਾ ਸ਼ਿਕਾਰ

ਨਿਊਯਾਰਕ: ਅਮਰੀਕਾ 'ਚ ਇੱਕ ਹੋਰ ਸਿੱਖ ਨਸਲੀ ਹਮਲੇ ਦੀ ਸ਼ਿਕਾਰ ਹੋਇਆ ਹੈ। ਕੈਲੀਫੋਰਨੀਆ 'ਚ ਸਿੱਖ ਟੈਕਸੀ ਡਰਾਈਵਰ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਉਸ ਨੂੰ ਸਿਰ 'ਚ ਮੁਰਗਾ ਭੁੰਨਣ ਵਾਲੀ ਸੀਖ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਇਹ ਘਟਨਾ ਉਸ ਦੇ ਘਰ ਬਾਹਰ ਵਾਪਰੀ। ਪਿਛਲੇ 15 ਦਿਨਾਂ ਅੰਦਰ ਕੁੱਟਮਾਰ ਦੀ ਇਹ ਦੂਜੀ ਵਾਰਦਾਤ ਹੈ। ਊਬਰ ਡਰਾਈਵਰ ਤੇ ਡਾਕ ਲੈ ਕੇ ਜਾਣ ਦਾ ਕੰਮ ਕਰਦੇ ਬਲਜੀਤ ਸਿੰਘ ਸਿੱਧੂ 'ਤੇ ਹਮਲਾ ਐਤਵਾਰ ਨੂੰ ਉਸ ਸਮੇਂ ਹੋਇਆ ਜਦੋਂ ਉਹ ਡਿਊਟੀ ਖ਼ਤਮ ਕਰਨ ਮਗਰੋਂ ਰਿਚਮੰਡ 'ਚ ਹਿੱਲਟਾਪ ਮਾਲ ਨੇੜੇ ਆਪਣੇ ਘਰ ਦੇ ਬਾਹਰ ਕਾਰ ਪਾਰਕ ਕਰ ਰਿਹਾ ਸੀ। ਐਸਐਫਗੇਟਡਾਟਕਾਮ ਦੀ ਰਿਪੋਰਟ ਮੁਤਾਬਕ ਕਾਰ ਖੜ੍ਹੀ ਕਰਨ ਸਮੇਂ ਇੱਕ ਵਿਅਕਤੀ ਉਸ ਕੋਲ ਆਇਆ ਤੇ ਲਾਈਟਰ ਮੰਗਣ ਲੱਗ ਪਿਆ। ਸਿੱਧੂ ਨੇ ਉਸ ਨੂੰ ਜਵਾਬ ਦੇ ਦਿੱਤਾ ਤਾਂ ਉਹ ਉੱਥੋਂ ਚਲਾ ਗਿਆ ਪਰ ਫਿਰ ਪਰਤ ਆਇਆ ਤੇ ਕਾਰ 'ਚ ਛੱਡਣ ਲਈ ਕਿਹਾ।

## ਆਕਲੈਂਡ 'ਚ ਇਤਿਹਾਸਿਕ ਇਮਾਰਤਾਂ ਨੂੰ ਬੰਦ ਕੀਤਾ ਗਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਵਿਚ ਇਤਿਹਾਸਿਕ ਇਮਾਰਤਾਂ ਨੂੰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਹੈ। ਆਕਲੈਂਡ ਕੌਂਸਲ ਦਾ ਕਹਿਣਾ ਹੈ ਕਿ 114 ਸਾਲ ਪੁਰਾਣੀ Leys Institute ਦੀਆਂ ਜੁੜਵਾਂ ਇਮਾਰਤਾਂ ਇਸ ਸ਼ੁੱਕਰਵਾਰ ਸ਼ਾਮ 5 ਵਜੇ ਤੋਂ ਅਗਲੇ ਨੋਟਿਸ ਤੱਕ ਬੰਦ ਰਹਿਣਗੀਆਂ। ਹਾਲ ਹੀ ਵਿੱਚ ਕੀਤੇ ਗਏ ਭੂਚਾਲ ਦੇ ਮੁਲਾਂਕਣ ਵਿੱਚ ਕਈਂ ਇਮਾਰਤਾਂ ਨੂੰ ਅਣ-ਸੁਰੱਖਿਅਤ ਐਲਾਨਿਆ ਹੈ। ਹਾਲਾਂਕਿ, ਆਕਲੈਂਡ ਕੌਂਸਲ ਦੇ ਗ੍ਰਾਹਕ ਅਤੇ ਕਮਿਊਨਿਟੀ ਸੇਵਾਵਾਂ ਦੇ ਡਾਇਰੈਕਟਰ ਇਆਨ ਮੈਕਸਵੈਲ ਦਾ ਕਹਿਣਾ ਹੈ ਕਿ ਉਹ ਜਾਣਦੇ ਹਨ ਕਿ ਆਕਲੈਂਡ ਵਿੱਚ ਭੁਚਾਲ ਦੀ ਸੰਭਾਵਨਾ ਦੇਸ਼ ਦੇ ਹੋਰਨਾਂ ਹਿੱਸਿਆਂ ਦੇ ਮੁਕਾਬਲੇ ਬਹੁਤ ਘੱਟ ਹੈ। ਸ਼੍ਰੀ ਮੈਕਸਵੈਲ ਨੇ ਕਿਹਾ "ਮੌਜੂਦਾ ਸਮੇਂ ਇਮਾਰਤਾਂ ਦੀ ਵਰਤੋਂ ਕਰ ਰਹੇ ਲੋਕਾਂ ਲਈ ਕੋਈ ਜ਼ੋਖਮ ਨਹੀਂ ਹੈ. ਇਮਾਰਤਾਂ ਨੂੰ ਆਮ ਹਾਲਤਾਂ ਵਿੱਚ ਸੁਰੱਖਿਅਤ ਮੰਨਿਆ ਜਾਂਦਾ ਹੈ।"

## ਗਲਾਸਗੋ ਦੇ ਪੰਜਾਬੀ ਕਾਰੋਬਾਰੀ ਸੋਹਣ ਸਿੰਘ ਰੰਧਾਵਾ ਦੇ ਰੈਸਟੋਰੈਂਟ ਚ ਬੇਘਰੇ ਲੋਕ ਮਨਾਉਣਗੇ ਕ੍ਰਿਸਮਿਸ

### -ਨਿਵੇਕਲੇ ਉੱਦਮ ਦੀ ਹੋ ਰਹੀ ਹੈ ਚੁਫ਼ੇਰੇ ਪ੍ਰਸ਼ੰਸਾ

### -ਜਿਹਨਾਂ ਕੋਲ ਕੁਝ ਨਹੀਂ, ਉਹਨਾਂ ਨੂੰ ਖੁਸ਼ੀ ਦੇਣ ਦੀ ਕੋਸ਼ਿਸ਼ ਹੈ-ਰੰਧਾਵਾ



ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਵਿਦੇਸ਼ਾਂ ਦੀ ਧਰਤੀ ਤੇ ਪੰਜਾਬੀਆਂ ਨੇ ਆਪਣੇ ਵੱਡੇ ਵੱਡੇ ਕਾਰੋਬਾਰ ਸਥਾਪਿਤ ਕੀਤੇ ਹਨ ਤਾਂ ਚੰਗੇ ਕਾਰਜਾਂ ਲਈ ਦਿਲ ਵੀ ਛੋਟੇ ਨਹੀਂ ਰੱਖੇ। ਇਨਸਾਨੀਅਤ ਦਾ ਦਾਇਰਾ ਵੱਡਾ ਹੋਣ ਦੀ ਉਦੋਂ ਖੁਸ਼ੀ ਹੁੰਦੀ ਹੈ, ਜਦੋਂ ਅਸੀਂ ਦੂਜੇ ਭਾਈਚਾਰਿਆਂ ਦੇ ਤਿੱਥ ਤਿਉਹਾਰਾਂ ਨੂੰ ਵੀ ਦਿਲੋਂ ਮਨਾ ਕੇ ਖੁਸ਼ੀਆਂ ਚ ਸ਼ਰੀਕ ਹੁੰਦੇ ਹਾਂ। ਕ੍ਰਿਸਿਮਸ ਦਾ ਦਿਨ ਨੇੜੇ ਆ ਰਿਹਾ ਹੈ ਤਾਂ ਗਲਾਸਗੋ ਦੇ ਇੱਕ ਦਰਿਆਦਿਲ ਗੋਰੇ ਪਰਿਵਾਰ ਵੱਲੋਂ ਬੰਬੇ ਬਲੂਜ਼ ਰੈਸਟੋਰੈਂਟ ਦੇ ਮਾਲਕ ਸੋਹਣ ਸਿੰਘ ਰੰਧਾਵਾ ਨਾਲ ਸੰਪਰਕ ਕੀਤਾ ਕਿ ਉਹ ਖੁੱਲ੍ਹੇ ਅਸਮਾਨ ਹੇਠ ਸੌਂਦੇ ਬੇਘਰੇ ਲੋਕਾਂ ਨੂੰ ਕ੍ਰਿਸਮਿਸ ਮੌਕੇ ਭੋਜਨ ਦੀ ਦਾਅਵਤ ਕਰਨਾ ਚਾਹੁੰਦੇ ਹਾਂ ਤਾਂ ਸੋਹਣ ਸਿੰਘ ਰੰਧਾਵਾ ਨੇ ਉਹਨਾਂ ਦੀ ਪੇਸ਼ਕਸ਼ ਸਵੀਕਾਰ ਕਰਦਿਆਂ ਇਸ ਨੇਕ ਕਾਰਜ ਵਿੱਚ ਭਾਈਵਾਲ ਹੋਣਾ ਮੰਨ ਲਿਆ। ਜਿਕਰਯੋਗ ਹੈ ਕਿ ਟੌਮੀ ਈਸਟਨ ਅਤੇ ਐਨੀ ਈਸਟਨ ਨਾਮੀ ਜੋੜੇ ਨੇ ਇਸ ਵਾਰ ਦੀ ਕ੍ਰਿਸਮਿਸ ਨੂੰ ਬੇਘਰੇ ਲੋਕਾਂ ਲਈ ਖਾਸ ਬਨਾਉਣ ਖਾਤਰ ਇਸ ਉੱਦਮ ਦੀ ਤਜਵੀਜ ਸੋਹਣ ਸਿੰਘ ਰੰਧਾਵਾ ਅੱਗੇ ਰੱਖੀ ਸੀ। ਬਾਅਦ ਵਿੱਚ ਉਹਨਾਂ ਬੇਘਰੇ ਲੋਕਾਂ ਦੀ ਭਲਾਈ ਬਣੀ ਸਾਈਮਨ ਕਮਿਊਨਿਟੀ ਚੈਰਿਟੀ ਨਾਲ ਸੰਪਰਕ ਕੀਤਾ ਹੈ ਕਿ ਉਹ ਟੌਮੀ ਈਸਟਨ ਅਤੇ ਸੋਹਣ ਸਿੰਘ ਦੇ ਸੁਨੇਹੇ ਨੂੰ ਬੇਘਰੇ ਲੋਕਾਂ ਤੱਕ ਪਹੁੰਚਾਉਣ ਵਿੱਚ ਸਾਥ ਦੇਵੇ। ਇਮਾਰਤਸਾਜੀ ਦਾ ਕਾਰੋਬਾਰ ਕਰਦੇ ਟੌਮੀ, ਉਹਦੀ ਪਤਨੀ ਐਨੀ, ਬੇਟੀ ਜੈਮੀ-ਲੀ ਅਤੇ ਬੇਟਾ ਹੈਰੀ ਇਸ ਦਿਨ ਨੂੰ ਲੈ ਕੇ ਨਿਰੰਤਰ ਕੰਮ ਕਰ ਰਹੇ ਹਨ। ਟੌਮੀ ਦਾ ਕਹਿਣਾ ਹੈ ਕਿ ਤਿਉਹਾਰਾਂ ਦੇ ਦਿਨਾਂ ਚ ਅਸੀਂ ਆਪਣੇ ਉਹਨਾਂ ਰਿਸ਼ਤੇਦਾਰਾਂ ਦੋਸਤਾਂ ਲਈ ਤੋਹਫ਼ੇ ਖਰੀਦਦੇ ਹਾਂ, ਜਿਹਨਾਂ ਕੋਲ ਪਹਿਲਾਂ ਹੀ ਕੋਈ ਘਾਟ ਨਹੀਂ ਹੁੰਦੀ। ਪਰ ਅਸੀਂ ਆਪਣੇ ਸਾਥੀ ਕਾਮਿਆਂ ਅਤੇ ਦੋਸਤਾਂ ਦੀ ਮਦਦ ਨਾਲ ਦਾਨ ਇਕੱਠਾ ਕਰਕੇ ਤੋਹਫੇ ਵੀ ਖਰੀਦੇ ਹਨ ਤਾਂ ਜੋ ਆਉਣ ਵਾਲੇ "ਮਹਿਮਾਨਾਂ" ਨੂੰ ਭੇਂਟ ਕੀਤੇ ਜਾ ਸਕਣ। ਬੰਬੇ ਬਲੂਜ਼ ਰੈਸਟੋਰੈਂਟ ਦੇ ਮਾਲਕ ਅਤੇ ਸਾਬਕਾ ਕੌਂਸਲਰ ਸੋਹਣ ਸਿੰਘ ਰੰਧਾਵਾ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਜਿਹੜੇ ਲੋਕ ਸਿਰਫ ਖੁੱਲ੍ਹੇ ਅਸਮਾਨ ਹੇਠ ਹੀ ਜੋ ਮਿਲਿਆ, ਖਾ ਕੇ ਗੁਜ਼ਾਰਾ ਕਰਦੇ ਹਨ, ਉਹਨਾਂ ਲਈ ਇਹ ਦਿਨ ਖਾਸ ਬਣਾਇਆ ਜਾਵੇ। ਸਾਈਮਨ ਕਮਿਊਨਿਟੀ ਵੱਲੋਂ ਈਲੇਨ ਬੈਰੇਟ ਨੇ ਵੀ ਟੌਮੀ ਦੇ ਪਰਿਵਾਰ ਅਤੇ ਸੋਹਣ ਸਿੰਘ ਰੰਧਾਵਾ ਦੇ ਇਸ ਨਿਵੇਕਲੇ ਉੱਦਮ ਦੀ ਪ੍ਰਸ਼ੰਸਾ ਕੀਤੀ ਹੈ।



ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




21 DECEMBER 2019 Daily, editornztasveer@gmail.com designnztasveer@gmail.com Ph/Fax: 09 390 4644

# ਆਕਲੈਂਡ ਸੜਕ ਹਾਦਸੇ 'ਚ ਮਾਰੀ ਗਈ ਖੂਬਸੂਰਤ ਮੁਟਿਆਰ, ਸਦਮੇ 'ਚ ਹੈ ਪਰਿਵਾਰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੁਲਿਸ ਨੇ ਬੁੱਧਵਾਰ ਰਾਤ ਨੂੰ ਆਕਲੈਂਡ ਦੇ Waimauku, ਵਿੱਚ ਇੱਕ ਹਾਦਸੇ ਵਿੱਚ ਮਾਰੀ ਗਈ ਖੂਬਸੂਰਤ ਮੁਟਿਆਰ ਦਾ ਨਾਮ ਜਨਤਕ ਕਰ ਦਿੱਤਾ ਹੈ। ਰਾਤ ਦੇ 9 ਵਜੇ ਤੋਂ ਥੋੜ੍ਹੀ ਦੇਰ ਬਾਅਦ ਓਲਡ ਨੌਰਥ ਰੋਡ 'ਤੇ ਸਾਤਰਾ ਸਾਲਾ Isobel Toman ਦੀ ਦੋ ਵਾਹਨਾਂ ਦੇ ਹਾਦਸੇ ਵਿੱਚ ਮੌਤ ਹੋ ਗਈ ਸੀ। ਇੱਕ ਬਿਆਨ ਵਿੱਚ, ਉਸਦੇ ਪਰਿਵਾਰ ਨੇ ਕਿਹਾ ਕਿ Isobel Toman ਦੇ ਅੱਗੇ ਇੱਕ ਸ਼ਾਨਦਾਰ ਭਵਿੱਖ ਸੀ "ਜਿਸਦਾ ਹੁਣ ਸਿਰਫ ਅਫਸੋਸ ਕੀਤਾ ਜਾ ਸਕਦਾ ਹੈ। ਉਨ੍ਹਾਂ ਲਈ ਉਸਨੂੰ ਭੁੱਲਣਾ ਕੋਈ ਸੌਖਾ ਕੰਮ ਨਹੀਂ ਹੋਵੇਗਾ। ਬਿਆਨ ਵਿੱਚ ਲਿਖਿਆ ਗਿਆ ਹੈ, Isobel Toman ਜਿਸਨੂੰ ਸਾਰੇ ਪਿਆਰ ਨਾਲ Izzie (ਇਜ਼ੀ)ਆਖਸੇ ਸਨ, ਸਭ ਤੋਂ ਖੂਬਸੂਰਤ, ਕੋਮਲ, ਦਿਆਲੂ, ਮਜ਼ਾਕੀਆ, ਖੁੱਲ੍ਹ-ਦਿਲੀ, ਪ੍ਰਤਿਭਾਵਾਨ, ਨਿਮਰ, ਅਭਿਲਾਸ਼ਾਵਾਨ ਕੁੜੀ ਸੀ ਜੋ ਡਾਂਸ ਅਤੇ ਪ੍ਰਦਰਸ਼ਨ ਕਰਨ ਵਾਲੀਆਂ ਕਲਾਵਾਂ ਦੀ ਸ਼ੌਕੀਨ ਸੀ।

# ਆਸਟ੍ਰੇਲੀਆ ਚ ਸੋਕੇ ਦੌਰਾਨ 3 ਲੱਖ ਲੀਟਰ ਪਾਣੀ ਦੀ ਹੋਈ ਚੋਰੀ

ਸਿਡਨੀ-ਆਸਟ੍ਰੇਲੀਆ ਵਿਚ ਖੁਸ਼ਕ ਮੌਸਮ ਕਾਰਨ ਪਾਣੀ ਦੀ ਕਮੀ ਹੋ ਗਈ ਹੈ। ਇਸ ਦੌਰਾਨ ਖਬਰ ਹੈ ਕਿ ਚੋਰਾਂ ਨੇ ਨਿਊ ਸਾਊਥ ਵੇਲਜ਼ ਦੇ ਸੋਕਾ ਪ੍ਰਭਾਵਿਤ ਇਲਾਕੇ ਵਿਚੋਂ 3 ਲੱਖ ਲੀਟਰ ਪਾਣੀ ਚੋਰੀ ਕਰ ਲਿਆ ਹੈ। ਪੁਲਸ ਦੇ ਇਕ ਅਧਿਕਾਰੀ ਨੇ ਵੀਰਵਾਰ ਨੂੰ ਦੱਸਿਆ ਕਿ ਪੁਲਸ ਉਹਨਾਂ ਚੋਰਾਂ ਦੀ ਤਲਾਸ਼ ਕਰ ਰਹੀ ਹੈ ਜਿਹਨਾਂ ਨੇ ਦੇਸ਼ ਵਿਚ ਜਾਰੀ ਸੋਕੇ ਦੇ ਵਿਚ 3 ਲੱਖ ਲੀਟਰ (79,000 ਗੈਲਨ) ਪਾਣੀ ਦੀ ਚੋਰੀ ਕੀਤੀ ਹੈ। ਪੁਲਸ ਨੇ ਕਿਹਾ ਕਿ ਸਿਡਨੀ ਤੋਂ 3 ਘੰਟੇ ਦੀ ਦੂਰੀ 'ਤੇ ਪੱਛਮ ਵਿਚ ਸਥਿਤ ਨਿਊ ਸਾਊਥ ਵੇਲਜ਼ ਸੂਬੇ ਦੇ ਇਵਾਂਸ ਪਲੇਨ ਵਿਚ ਚੋਰਾਂ ਨੇ ਇਕ



ਨਿੱਜੀ ਪ੍ਰਾਪਰਟੀ ਤੋਂ 2 ਟੈਂਕਾਂ ਦੇ ਬਰਾਬਰ ਪਾਣੀ ਚੋਰੀ ਕਰ ਲਿਆ। ਪੁਲਸ ਨੇ ਦੱਸਿਆ ਕਿ ਚੋਰੀ ਦਾ ਪਤਾ ਐਤਵਾਰ ਨੂੰ ਚੱਲਿਆ ਪਰ ਇਹ ਚੋਰੀ ਪਿਛਲੇ 2 ਹਫਤਿਆਂ ਦੇ ਦੌਰਾਨ ਹੋਈ ਹੈ। ਪੁਲਸ ਨੇ ਇਹ ਵੀ ਦੱਸਿਆ ਕਿ ਘਟਨਾਸਥਲ ਦੇ ਆਲੇ-ਦੁਆਲੇ ਰਹਿਣ ਵਾਲੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਸ ਇਹ ਜਾਣਨ ਦੀ ਕੋਸ਼ਿਸ਼ ਕਰ ਰਹੀ ਹੈ ਕੀ ਕੋਈ ਵਿਅਕਤੀ ਅਜਿਹਾ ਹੈ ਜਿਸ ਨੇ ਇਵਾਂਸ ਪਲੇਨ ਇਲਾਕੇ ਤੋਂ ਪਾਣੀ ਦੇ ਟੈਂਕਰ ਜਾਂ ਗੱਡੀਆਂ ਜਾਂਦੀਆਂ ਦੇਖੀਆਂ ਹੋਣ। ਪੁਲਸ ਦੇ ਇਕ ਬੁਲਾਰੇ ਨੇ ਦੱਸਿਆ,"ਲਬੇ ਸਮੇਂ ਤੱਕ ਸੋਕੇ ਅਤੇ ਪਾਣੀ ਦੀ ਕਮੀ ਦੇ ਕਾਰਨ ਨਿਊ ਸਾਊਥ ਵੇਲਜ਼ ਵਿਚ ਅਪਰਾਧਾਂ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ। ਮੈਨੂੰ ਲੱਗਦਾ ਹੈ ਕਿ ਸੋਕੇ ਆਦਿ ਦੇ ਨਾਲ ਹਾਲ ਹੀ ਦੀਆਂ ਸਥਿਤੀਆਂ ਕਾਰਨ ਹੀ ਚੋਰਾਂ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।"

# 7 ਮਹੀਨੇ ਦਾ ਬੱਚਾ ਬਣਿਆ ਅਮਰੀਕਾ ਦਾ ਸਭ ਤੋਂ ਨੌਜਵਾਨ ਮੇਅਰ

ਵਾਸ਼ਿੰਗਟਨ: ਅਮਰੀਕਾ ਦੇ ਟੈਕਸਾਸ ਸੂਬੇ ਦੇ ਸ਼ਹਿਰ ਵ੍ਹਾਈਟਹਾਲ ਵਿਚ 7 ਮਹੀਨੇ ਦੇ ਵਿਲੀਅਮ ਚਾਰਲੀ ਮੈਕਮਿਲਨ ਨੂੰ ਆਨਰੇਰੀ ਮੇਅਰ ਬਣਾਇਆ ਗਿਆ ਹੈ। ਚਾਰਲੀ ਇੰਨੀ ਛੋਟੀ ਉਮਰ ਵਿਚ ਮੇਅਰ ਬਣਨ ਵਾਲੇ ਪਹਿਲੇ ਨੌਜਵਾਨ ਸ਼ਖਸ ਹਨ। ਉਹਨਾਂ ਨੇ ਪਿਛਲੇ ਦਿਨੀਂ ਵ੍ਹਾਈਟਹਾਲ ਕਮਿਊਨਿਟੀ ਸੈਂਟਰ ਵਿਚ ਮੇਅਰ ਚੁਣੇ ਜਾਣ ਦੇ ਬਾਅਦ ਆਪਣੇ ਅਹੁਦੇ ਦੀ ਸਹੁੰ ਚੁੱਕੀ। ਚਾਰਲੀ ਦੇ ਸਹੁੰ ਚੁੱਕ ਸਮਾਗਮ ਵਿਚ 150 ਲੋਕ ਪਹੁੰਚੇ। ਉਸ ਨੂੰ ਇਸ ਸਾਲ ਅਕਤੂਬਰ ਵਿਚ ਗ੍ਰਾਈਮਜ਼ ਕਾਊਂਟੀ ਦਾ ਮੇਅਰ ਚੁਣਿਆ ਗਿਆ। ਅਸਲ ਵਿਚ ਹਰੇਕ ਸਾਲ ਵ੍ਹਾਈਟਹਾਲ ਵਾਲੰਟੀਅਰ ਫਾਇਰ ਵਿਭਾਗ ਦੇ ਸਾਲਾਨਾ ਬੀ.ਬੀ.ਕਿਊ. ਫੰਡਰੇਜ਼ਰ ਪ੍ਰੋਗਰਾਮ ਦੌਰਾਨ ਮੇਅਰ ਦੇ ਅਹੁਦੇ ਲਈ ਬੋਲੀ ਲਗਾਈ ਜਾਂਦੀ ਹੈ।ਇਸ ਵਾਰੀ ਚਾਰਲੀ ਦੇ ਨਾਮ 'ਤੇ ਸਭ ਤੋਂ ਜ਼ਿਆਦਾ ਬੋਲੀ ਲਗਾਈ ਗਈ, ਜਿਸ ਦੇ ਬਾਅਦ ਉਸ ਨੂੰ ਦੇਸ਼ ਦਾ ਸਭ ਤੋਂ ਘੱਟ ਉਮਰ ਦਾ ਮੇਅਰ ਚੁਣਿਆ ਗਿਆ। ਸਹੁੰ ਚੁੱਕਣ ਸਮੇਂ ਚਾਰਲੀ ਦੇ ਮਾਤਾ-ਪਿਤਾ ਨੇ ਉਸ ਨੂੰ ਗੋਦੀ ਚੁੱਕਿਆ ਹੋਇਆ ਸੀ। ਚਾਰਲੀ ਦੇ ਸਹੁੰ ਚੁੱਕਣ ਦੇ ਸ਼ਬਦ ਉਸ ਦੇ ਮਾਤਾ-ਪਿਤਾ ਨੇ ਦੁਹਰਾਏ। ਇਸ ਵਿਚ ਕਿਹਾ ਗਿਆ,"ਮੈਂ ਵਿਲੀਅਮ ਚਾਰਲਸ ਮੈਕਮਿਲਨ ਵਾਅਦਾ ਕਰਦਾ ਹਾਂ ਕਿ ਵ੍ਹਾਈਟਹਾਲ ਦੇ ਮੇਅਰ ਦੇ ਅਹੁਦੇ 'ਤੇ ਈਮਾਨਦਾਰੀ ਅਤੇ ਆਪਣੀ ਸਮੱਰਥਾ ਦੇ ਮੁਤਾਬਕ ਕੰਮ ਕਰਾਂਗਾ। ਮੈਂ ਲੋਕਾਂ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਖੇਡ ਦੇ ਮੈਦਾਨ ਵਿਚ ਉਹ ਪਿਆਰ ਨਾਲ ਪੇਸ਼ ਆਉਣ, ਬਿਹਤਰ ਜ਼ਿੰਦਗੀ ਅਤੇ ਸਾਫ-ਸਫਾਈ ਦਾ ਧਿਆਨ ਰੱਖਣ।" ਇਸ ਸਹੁੰ ਚੁੱਕ ਸਮਾਰੋਹ ਵਿਚ ਆਏ ਜੋਸ਼ ਫਲਟਜ਼ ਦਾ ਕਹਿਣਾ ਸੀ ਕਿ ਚਾਰਲੀ ਆਪਣੇ ਮਾਤਾ-ਪਿਤਾ ਸ਼ਾਡ ਅਤੇ ਨੈਨਸੀ ਦੇ ਨਾਲ ਸਹੁੰ ਚੁੱਕਣ ਲਈ ਆਇਆ ਸੀ।




